



UNITED SIKHS
*Recognize the Human Race as One*

# ਹੈਪੇਟਾਈਟਸ-ਬੀ/ਸੀ

**ਆਪਣੀ ਸਿਹਤ ਸੰਭਾਲ ਲਈ ਹੈਪੇਟਾਈਟਸ ਬੀ/ਸੀ ਦੀ ਜਾਂਚ ਕਰਵਾਓ। ਹਰ 3 ਵਿਅਕਤੀਆਂ ਪਿੱਛੇ 1 ਵਿਅਕਤੀ ਹੈਪੇਟਾਈਟਸ ਬੀ/ਸੀ ਰੋਗ ਦਾ ਸ਼ਿਕਾਰ ਹੈ। ਅਸੀ ਮਿਲ ਕੇ ਇਸ ਬੀਮਾਰੀ ਦਾ ਖਾਤਮਾ ਕਰ ਸਕਦੇ ਹਾਂ।**

**ਇਹ ਸ਼ਰੀਰ ਅੰਦਰ ਹੋਣ ਵਾਲੀ ਇਕ ਅਜਿਹੀ ਲੁਕੀ ਬਿਮਾਰੀ ਹੈ ਜਿਸਦੇ ਲੱਛਣ ਪਹਿਲਾ ਤਾਂ ਬਾਹਰ ਨਹੀਂ ਆਉਂਦੇ ਫੇਰ ਹੌਲੀ ਹੌਲੀ ਸਾਡੇ ਲਿਵਰ ਨੂੰ ਖ਼ਰਾਬ ਕਰਕੇ ਇਹ ਲਿਵਰ ਦੇ ਕੈਂਸਰ ਜਾਂ ਲਿਵਰ ਸਾਈਰੋਸਿਸ ਦਾ ਕਾਰਣ ਬੰਨਦੀ ਹੈ। ਇਸ ਲਈ ਇਸ ਰੋਗ ਦੀ ਜਾਂਚ ਬਾਰੇ ਆਪਣੇ ਡਾਕਟਰ ਨਾਲ ਜ਼ਰੂਰ ਸਲਾਹ ਕਰੋ।**

**ਹੈਪੇਟਾਈਟਸ ਬੀ/ ਸੀ ਦੇ ਜ਼ਿਆਦਾ ਲੱਛਣ ਨਹੀਂ ਹੁੰਦੇ ਪਰ ਇਹ ਇਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਹੇਠ ਲਿਖੇ ਕਾਰਣਾਂ ਕਰਕੇ ਫੈਲ ਸਕਦਾ ਹੈ।**

- ਖੂਨ ਦੇ ਸਿੱਧੇ ਸੰਪਰਕ ਦੁਆਰਾ (ਖੂਨ ਚੜ੍ਹਾਣ ਨਾਲ)।
- ਅਸੁਰੱਖਿਅਤ ਸੈਕਸ ਦੁਆਰਾ।
- ਬਿਨਾਂ ਸਟਰਲਾਈਜ਼ਡ ਜਾਂ ਦੂਸ਼ਿਤ ਸੂਈਆਂ, ਮੈਡੀਕਲ ਅਤੇ ਦੰਦਾਂ ਦੇ ਉਪਕਰਣ ਦੁਆਰਾ।
- ਵਿਅਕਤੀਗਤ ਚੀਜ਼ਾਂ ਜਿਵੇਂ ਕਿ ਰੇਜ਼ਰ, ਟੁੱਥ ਬੁਰਸ਼, ਨਹੁੰ ਕਲੀਪਰਾਂ, ਸਰੀਰ ਦੇ ਗਹਿਣਿਆਂ ਅਤੇ ਹੋਰ ਨਿੱਜੀ ਚੀਜ਼ਾਂ ਨੂੰ ਸਾਂਝਾ ਕਰਨਾ ਜਿਨ੍ਹਾਂ ਉੱਤੇ ਥੋੜ੍ਹਾ ਖੂਨ ਲੱਗਾ ਰਹਿ ਸਕਦਾ ਹੈ।
- ਇੱਕ ਸੰਕਰਮਿਤ ਮਾਂ ਤੋਂ ਗਰਭ ਅਵਸਥਾ ਜਾਂ ਜਣੇਪੇ ਦੌਰਾਨ ਉਸਦੇ ਨਵਜੰਮੇ ਬੱਚੇ ਨੂੰ।

**ਚੰਗੀ ਖ਼ਬਰ ਇਹ ਹੈ ਕਿ ਅਸੀਂ ਇਸ ਦਾ ਇਲਾਜ ਕਰਵਾ ਸਕਦੇ ਹਾਂ ਅਤੇ ਟੀਕਾਕਰਣ ਦੁਆਰਾ ਇਸ ਨੂੰ ਫੈਲਣ ਤੋਂ ਰੋਕਿਆ ਜਾ ਸਕਦਾ ਹੈ। ਖੂਨ ਟੈਸਟ ਕਰਵਾ ਕੇ ਇਸ ਦੀ ਜਾਂਚ ਕਰਵਾਈ ਜਾ ਸਕਦੀ ਹੈ ਆਪਣੇ ਤੇ ਆਪਣੇ ਪਰਿਵਾਰ ਦੀ ਸੁਰੱਖਿਆ ਲਈ ਹੈਪੇਟਾਈਟਸ ਬੀ/ਸੀ ਦੀ ਜਾਂਚ ਕਰਵਾਓ।**

**ਯੂਨਾਈਟਿਡ ਸਿੱਖਸ ਹੈਪੇਟਾਈਟਸ ਬੀ/ਸੀ ਦੀ ਜਾਂਚ ਅਤੇ ਵੈਕਸੀਨੇਸ਼ਨ ਵਿੱਚ ਤੁਹਾਡੀ ਸਹਾਇਤਾ ਕਰ ਸਕਦੀ ਹੈ।**

ਯੂਨਾਈਟਿਡ ਸਿੱਖਸ ਨੂੰ **contact@unitedsikhs.org**
**ਜਾਂ 1-888-243-1690 ਤੇ ਸੰਪਰਕ ਕਰੋ।**